[INSERT SCHOOL LETTERHEAD]

## Youth Development Instrument (YDI): ਬਚਪਨ ਤੋਂ ਜਵਾਨ ਬਾਲਗ਼ ਬਣਨ ਤਕ ਦੀਆਂ ਸਫਲ ਰਾਹਾਂ ਦੀ ਭਵਿੱਖਵਾਣੀ

# ਮਾਤਾ/ਪਿਤਾ/ਨਿਗਰਾਨ ਵਲੋਂ ਸੂਚਿਤ ਨਿਸ਼ਕ੍ਰਿਅ ਸਹਿਮਤੀ ਪੱਤਰ

---

**ਮੁੱਖ ਪੜਤਾਲ ਕਰਤਾ:** Hasina Samji, Ph.D., ਅਸਿਸਟੈਂਟ ਪ੍ਰੋਫੈਸਰ, Simon Fraser University Faculty of Health Sciences ਅਤੇ ਸੀਨਿਅਰ ਵਿਗਿਆਨੀ, BC ਰੋਗ ਨਿਯੰਤ੍ਰਣ ਕੇਂਦਰ, hsamji@sfu.ca

**ਸਹਿ-ਪੜਤਾਲ ਕਰਤਾ:**

Martin Guhn, ਐਸੋਸੀਏਟ ਪ੍ਰੋਫੈਸਰ, Human Early Learning Partnership, University of British Columbia
Kimberly Schonert-Reichl, ਪ੍ਰੋਫੈਸਰ, ਸਿੱਖਿਆ ਫੈਕਲਟੀ, University of British Columbia

**ਫੰਡਿੰਗ:** Canadian Institutes of Health Research (CIHR) ਅਤੇ Social Sciences and Humanities Research Council (SSHRC)

---

### ਸੰਖੇਪ ਵੇਰਵਾ

- ਤੁਹਾਡੇ ਸਕੂਲ ਵਿੱਚ ਇੱਕ ਸਰਵੇਖਣ ਹੋਵੇਗਾ ਜਿਸ ਵਿੱਚ ਵਿਦਿਆਰਥੀਆਂ ਕੋਲੋਂ ਉਹਨਾਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਰੀਰਕ ਅਤੇ ਮਾਨਸਿਕ ਸਿਹਤ, ਬਚਪਨ ਦੇ ਚੰਗੇ ਅਤੇ ਖਰਾਬ ਤਜਰਬਿਆਂ ਅਤੇ ਖੈਰੀਅਤ ਬਾਰੇ ਸਵਾਲ ਪੁੱਛੇ ਜਾਣਗੇ।
- ਜੇ ਤੁਸੀਂ ਸਪਸ਼ਟ ਤੌਰ 'ਤੇ ਆਪਣੇ ਬੱਚੇ ਨੂੰ ਇਸ ਸਰਵੇਖਣ ਤੋਂ ਬਾਹਰ ਰੱਖਣ ਲਈ ਬੇਨਤੀ ਨਹੀਂ ਭੇਜਦੇ, ਤਾਂ ਤੁਹਾਡੇ ਬੱਚੇ ਨੂੰ ਇਸ ਸਰਵੇਖਣ ਨੂੰ ਪੂਰਾ ਕਰਨ ਲਈ ਆਖਿਆ ਜਾਵੇਗਾ।
- ਤੁਹਾਡਾ ਬੱਚਾ ਸਰਵੇਖਣ ਨੂੰ ਪੂਰਾ ਕਰ ਸਕਦਾ ਹੈ, ਕੋਈ ਸਵਾਲ ਛੱਡ ਸਕਦਾ ਹੈ ਅਤੇ ਕਿਸੇ ਵੀ ਸਮੇਂ ਸਰਵੇਖਣ ਛੱਡ ਕੇ ਜਾ ਸਕਦਾ ਹੈ।
- ਜੇ ਤੁਸੀਂ ਇਸ ਸਰਵੇਖਣ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੋ ਤਾਂ ਕਿਰਪਾ ਕਰਕੇ http://chartlab.ca/parent-guardian-resources/ 'ਤੇ ਜਾਓ।

ਪਿਆਰੇ ਮਾਤਾ/ਪਿਤਾ/ਨਿਗਰਾਨ ਜੀ,

ਤੁਹਾਡਾ ਸਕੂਲ ਅਤੇ Simon Fraser University (SFU) ਅਤੇ University of British Columbia (UBC) ਦੇ Human Early Learning Partnership (HELP) ਦੇ ਖੋਜਕਰਤਾ ਤੁਹਾਡੇ ਬੱਚੇ ਨੂੰ Youth Development Instrument (YDI) ਨੂੰ ਪੂਰਾ ਕਰਨ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦੇ ਹਨ। ਇਸ YDI ਸਰਵੇਖਣ ਵਿੱਚ ਵਿਦਿਆਰਥੀਆਂ ਕੋਲੋਂ ਪੰਜ ਖੇਤਰਾਂ ਦੇ ਬਾਰੇ ਸਵਾਲ ਪੁੱਛੇ ਜਾਂਦੇ ਹਨ: ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਮਾਜਕ ਖੈਰੀਅਤ, ਪੜ੍ਹਾਈ ਦਾ ਮਾਹੌਲ, ਸਰੀਰਕ ਅਤੇ ਮਾਨਸਿਕ ਸਿਹਤ ਅਤੇ ਦੁਨੀਆਂ ਵਿੱਚ ਆਵਾਜਾਈ। YDI ਵਿੱਚ ਵਿਦਿਆਰਥੀਆਂ ਕੋਲੋਂ ਉਹਨਾਂ ਦੀਆਂ ਸਮਾਜਕ ਅਤੇ ਭਾਵਨਾਤਮਕ ਮਹਾਰਤਾਂ, ਸਮਾਜਕ ਸਬੰਧਾਂ, ਸਰੀਰਕ ਅਤੇ ਮਾਨਸਿਕ ਸਿਹਤ, ਬਚਪਨ ਦੇ ਚੰਗੇ ਅਤੇ ਖਰਾਬ ਤਜਰਬਿਆਂ, ਪਦਾਰਥਾਂ ਦੀ ਦੁਰਵਰਤੋਂ, ਨਾਗਰਿਕ ਵਜੋਂ ਰੁਝੇਵੇਂ ਅਤੇ ਭੋਜਨ ਅਤੇ ਰਿਹਾਇਸ਼ ਦੀ ਸੁਰੱਖਿਆ ਬਾਰੇ ਸਵਾਲ ਪੁੱਛੇ ਜਾਂਦੇ ਹਨ।

ਜੋ ਵਿਦਿਆਰਥੀ ਪੜ੍ਹਾਈ ਦੇ ਲਈ ਨਿੱਜੀ ਤੌਰ ਤੇ ਸਕੂਲ ਵਿੱਚ ਆਉਂਦੇ ਹਨ, ਤਾਂ ਉਹਨਾਂ ਨੂੰ ਜਨਵਰੀ ਅਤੇ ਮਾਰਚ ਦੇ ਵਿਚਕਾਰ ਸਰਵੇਖਣ ਪੂਰਾ ਕਰਨ ਲਈ ਸੱਦਾ ਦਿੱਤਾ ਜਾਵੇਗਾ। ਸਕੂਲ ਸਟਾਫ ਦੀ ਨਿਗਰਾਨੀ ਹੇਠ YDI ਨੂੰ ਔਨਲਾਈਨ ਭਰਨ ਵਿੱਚ ਤਕਰੀਬਨ ਕਲਾਸ ਦਾ ਇੱਕ ਪੀਰਿਅਡ ਲੱਗੇਗਾ। ਜੋ ਵਿਦਿਆਰਥੀ ਸਕੂਲ ਨਿੱਜੀ ਤੌਰ 'ਤੇ ਨਹੀਂ ਆ ਰਹੇ ਹਨ ਉਹਨਾਂ ਨੂੰ ਵਰਚੁਅਲ ਤਰੀਕੇ ਨਾਲ ਸਕੂਲ ਦੇ ਬਾਹਰ YDI ਪੂਰਾ ਕਰਨ ਸਬੰਧੀ ਹਦਾਇਤਾਂ ਦੇਣ ਲਈ ਬੁਲਾਇਆ ਜਾ ਸਕਦਾ ਹੈ। YDI ਪ੍ਰੋਜੈਕਟ ਦੀ ਸਰਪ੍ਰਸਤੀ ਤੁਹਾਡਾ ਸਕੂਲ ਕਰੇਗਾ ਅਤੇ ਇਸਦੀ ਫੰਡਿੰਗ Canadian Institutes of Health Research ਅਤੇ ਕੈਨੇਡਾ ਦੀ Social Sciences and Humanities Research Council ਵੱਲੋਂ ਕੀਤੀ ਜਾਏਗੀ।

### ਇਸ ਪ੍ਰੋਜੈਕਟ ਦਾ ਉਦੇਸ਼ ਕੀ ਹੈ?

ਇਸ ਪ੍ਰੋਜੈਕਟ ਦਾ ਉਦੇਸ਼ ਜਾਣਕਾਰੀ ਪ੍ਰਾਪਤ ਕਰਕੇ ਯੁਵਾਵਾਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਤੰਦਰੁਸਤੀ ਦੇ ਉਹਨਾਂ ਪੱਖਾਂ ਨੂੰ ਬਿਹਤਰ ਸਮਝਣਾ ਹੈ ਜੋ ਸਮੁੱਚੇ ਤੌਰ 'ਤੇ ਸਕੂਲ ਅਤੇ ਜੀਵਨ ਵਿੱਚ ਉਹਨਾਂ ਦੀ ਕਾਮਯਾਬੀ ਵਿੱਚ ਯੋਗਦਾਨ ਕਰਦੇ ਹਨ। ਇਹ ਜਾਣਕਾਰੀ ਸਾਨੂੰ ਨੌਜਵਾਨਾਂ ਦੀ ਸਿਹਤ

ਅਤੇ ਖੈਰੀਅਤ ਉੱਪਰ ਅਸਰ ਪਾਉਣ ਵਾਲੀਆਂ ਅਜਿਹੀਆਂ ਚੀਜ਼ਾਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ, ਜਿਵੇਂ ਕੋਵਿਡ-19 ਨਾਲ ਜੁੜੇ ਵਿਘਨ। YDI ਇਹਨਾਂ ਨੌਜਵਾਨ ਵਿਦਿਆਰਥੀਆਂ ਨੂੰ ਉਹ ਆਵਾਜ਼ ਦਿੰਦਾ ਹੈ ਜਿਸ ਰਾਹੀਂ ਉਹ ਆਪਣੇ ਸਕੂਲ, ਘਰ ਅਤੇ ਭਾਈਚਾਰੇ ਵਿਚਲੇ ਆਪਣੇ ਤਜਰਬਿਆਂ, ਵਿਚਾਰਾਂ ਅਤੇ ਭਾਵਨਾਵਾਂ ਨੂੰ ਸਾਂਝਾ ਕਰਦੇ ਹਨ। ਸਕੂਲ, ਸਰਕਾਰਾਂ ਅਤੇ ਭਾਈਚਾਰੇ YDI ਵਾਲੀ ਜਾਣਕਾਰੀ ਦੀ ਵਰਤੋਂ ਬੱਚਿਆਂ ਲਈ ਸਹਾਇਤਾ ਅਤੇ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਕਰ ਸਕਦੇ ਹਨ।

ਸਰਵੇਖਣ ਦੇ ਸਵਾਲ ਸਿੱਖਿਆ ਮੰਤਰਾਲੇ ਦੇ K-12 ਪਾਠਕ੍ਰਮ ਦੇ ਮੁਤਾਬਕ ਵੀ ਹਨ ਜਿਸ ਵਿੱਚ ਸਕੂਲ ਦੀ ਰਣਨੀਤੀ ਵਿੱਚ ਬੱਚਿਆਂ ਦੀਆਂ ਨਿੱਜੀ ਅਤੇ ਸਮਾਜਕ ਮਹਾਰਤਾਂ ਨੂੰ ਵਧਾਉਣ ਅਤੇ ਮਾਨਸਿਕ ਸਿਹਤ ਉੱਪਰ ਧਿਆਨ ਕੇਂਦਰਤ ਕਰਨਾ ਸ਼ਾਮਲ ਹੈ।

ਇਸ YDI ਨੂੰ ਸਿੱਖਿਅਕਾਂ, ਵਿਦਿਆਰਥੀਆਂ ਅਤੇ ਅਜਿਹੇ ਦੂਜੇ ਭਾਈਵਾਲਾਂ ਦੇ ਨਾਲ ਮਿਲ ਕੇ ਤਿਆਰ ਕੀਤਾ ਗਿਆ ਹੈ ਜੋ ਨੌਜਵਾਨਾਂ ਦੀ ਤੰਦਰੁਸਤੀ ਨੂੰ ਹੋਰ ਬਿਹਤਰ ਬਣਾਉਣ ਲਈ ਕੰਮ ਕਰ ਰਹੇ ਹਨ। ਜੇ ਤੁਹਾਡੇ ਮਨ ਵਿੱਚ YDI ਪ੍ਰੋਜੈਕਟ ਦੇ ਬਾਰੇ ਜਾਂ ਸਵਾਲਾਂ ਦੀ ਕਿਸਮ ਬਾਰੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ydi@sfu.ca ਨਾਲ ਸੰਪਰਕ ਕਰੋ।

## ਕੀ ਹੋਵੇਗਾ?

ਵਿਦਿਆਰਥੀਆਂ ਨੂੰ ਆਮ ਕਲਾਸ ਦੇ ਸਮੇਂ ਦੌਰਾਨ ਔਨਲਾਈਨ ਸਰਵੇਖਣ ਪੂਰਾ ਕਰਨ ਲਈ ਆਖਿਆ ਜਾਏਗਾ। ਸਰਵੇਖਣ ਕਰਨ ਦੀ ਤਾਰੀਖ ਬਾਰੇ ਫੈਸਲਾ ਸਕੂਲ ਕਰਨਗੇ ਅਤੇ ਸਰਵੇਖਣ ਦਾ ਪ੍ਰਬੰਧ ਸਕੂਲ ਦਾ ਸਟਾਫ ਕਰੇਗਾ। ਤੁਹਾਡੇ ਬੱਚੇ ਕੋਲੋਂ ਇਹ ਵੀ ਪੁੱਛਿਆ ਜਾਏਗਾ ਕਿ ਕੋਵਿਡ-19 ਦੀ ਮਹਾਂਮਾਰੀ ਦਾ ਉਹਨਾਂ ਦੀਆਂ ਭਾਵਨਾਵਾਂ ਅਤੇ ਸਕੂਲ ਦੇ ਰੋਜ਼ਾਨਾ ਦੇ ਕੰਮਕਾਜ 'ਤੇ ਕੀ ਅਸਰ ਪੈ ਰਿਹਾ ਹੈ ਤਾਂ ਜੋ ਨੌਜਵਾਨਾਂ ਦੇ ਵਿਕਾਸ ਅਤੇ ਤੰਦਰੁਸਤੀ ਉੱਪਰ ਪੈਣ ਵਾਲੇ ਮਹਾਂਮਾਰੀ ਦੇ ਅਸਰ ਦਾ ਮੁਲਾਂਕਣ ਕਰਨ ਵਿੱਚ ਮਦਦ ਮਿਲ ਸਕੇ। ਜੇ ਤੁਹਾਡਾ ਬੱਚਾ ਚਾਹੇ ਤਾਂ ਉਹ YDI ਦੇ ਇਹ, ਜਾਂ ਕੋਈ ਵੀ ਦੂਜੇ, ਸਵਾਲ ਛੱਡ ਸਕਦਾ ਹੈ। ਕਿਉਂਕਿ ਕਈ ਸਵਾਲ ਵਿਦਿਆਰਥੀਆਂ ਦੀਆਂ ਭਾਵਨਾਵਾਂ ਅਤੇ ਰਿਸ਼ਤਿਆਂ ਬਾਰੇ ਪੁੱਛਦੇ ਹਨ, ਸਰਵੇਖਣ ਵਿੱਚ ਇੱਕ ਅਜਿਹੀ ਥਾਂ ਹੈ, ਜਿੱਥੇ ਤੁਹਾਡਾ ਬੱਚਾ ਉਸ ਨੂੰ ਹੋ ਰਹੀ ਕਿਸੇ ਵੀ ਕਠਿਨਾਈ ਦੇ ਲਈ ਮਦਦ ਮੰਗ ਸਕਦਾ ਹੈ। ਜੇ ਤੁਹਾਡਾ ਬੱਚਾ ਮਦਦ ਮੰਗਦਾ ਹੈ ਤਾਂ ਖੋਜਕਰਤਾ ਆਪਣੇ ਪ੍ਰਿੰਸੀਪਲ ਨੂੰ ਸੂਚਨਾ ਦੇਣਗੇ ਅਤੇ ਉਹ ਸਕੂਲ ਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰਦੇ ਹੋਏ ਤੁਹਾਡੇ ਬੱਚੇ ਨੂੰ ਮਦਦ ਮਿਲਣਾ ਯਕੀਨੀ ਬਣਾਉਣਗੇ।

## ਭਾਗ ਲੈਣਾ ਸਵੈ-ਇੱਛਿਤ ਹੈ ਅਤੇ ਸਹਿਮਤੀ ਨਿਸ਼ਕ੍ਰਿਅ ਹੈ

YDI ਪੂਰੀ ਤਰ੍ਹਾਂ ਸਵੈ-ਇੱਛਿਤ ਹੈ। ਤੁਹਾਡਾ ਬੱਚਾ ਸਰਵੇਖਣ ਪੂਰਾ ਕਰਨ ਜਾਂ ਨਾ ਕਰਨ ਦੀ ਚੋਣ ਕਰ ਸਕਦਾ ਹੈ। ਸਰਵੇਖਣ ਵਿੱਚ ਭਾਗ ਲੈਣ ਜਾਂ ਨਾ ਲੈਣ ਨਾਲ ਤੁਹਾਡੇ ਬੱਚੇ ਦੇ ਗ੍ਰੇਡਾਂ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਦਾ ਸਕੂਲ ਵੱਲੋਂ ਤੁਹਾਡੇ ਪਰਿਵਾਰ ਨੂੰ ਮਿਲਣ ਵਾਲੀ ਕਿਸੇ ਸੇਵਾ ਦੇ ਉੱਪਰ ਕੋਈ ਅਸਰ ਨਹੀਂ ਪਵੇਗਾ। ਸਰਵੇਖਣ ਪੂਰਾ ਕਰਨ ਦੇ ਬਾਅਦ ਤੁਹਾਡਾ ਬੱਚਾ YDI ਪ੍ਰੋਜੈਕਟ ਤੋਂ ਬਾਹਰ ਵੀ ਜਾ ਸਕਦਾ ਹੈ ਜਿਸਦੇ ਲਈ ਉਸਨੂੰ ਖੋਜ ਟੀਮ ਨਾਲ ਸੰਪਰਕ ਕਰਨਾ ਹੋਵੇਗਾ। YDI ਵਿੱਚ ਆਪਣੇ ਬੱਚੇ ਦੀ ਭਾਗੀਦਾਰੀ ਲਈ ਸਹਿਮਤੀ ਦੇ ਕੇ ਤੁਸੀਂ ਖੋਜ-ਸਬੰਧਤ ਨੁਕਸਾਨ ਦੀ ਹਾਲਤ ਵਿੱਚ ਕਾਨੂੰਨੀ ਕਾਰਵਾਈ ਦੇ ਆਪਣੇ ਹੱਕਾਂ ਨੂੰ ਛੱਡ ਨਹੀਂ ਰਹੇ ਹੋ।

ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ YDI ਨੂੰ ਭਰੇ ਤਾਂ ਕਿਰਪਾ ਕਰਕੇ ਇਸ ਚਿੱਠੀ ਨੂੰ ਮਿਲਣ ਦੇ 2 ਹਫਤਿਆਂ ਦੇ ਅੰਦਰ ਇਸ ਨਾਲ ਨੱਥੀ ਫਾਰਮ ਨੂੰ ਭਰ ਕੇ ਆਪਣੇ ਬੱਚੇ ਦੇ ਟੀਚਰ ਜਾਂ ਪ੍ਰਿੰਸੀਪਲ ਕੋਲ ਪਹੁੰਚਾ ਦਿਓ। ਆਪਣੇ ਬੱਚੇ ਨੂੰ YDI ਪ੍ਰੋਜੈਕਟ ਤੋਂ ਬਾਹਰ ਰੱਖਣ ਲਈ ਤੁਸੀਂ ਪ੍ਰੋਜੈਕਟ ਦੀ ਟੀਮ ਨੂੰ ydi@sfu.ca ਦੇ ਪਤੇ 'ਤੇ ਈਮੇਲ ਵੀ ਭੇਜ ਸਕਦੇ ਹੋ। **ਸਰਵੇਖਣ ਵਿੱਚ ਹਿੱਸਾ ਨਾ ਲੈਣ ਵਾਲੇ ਬੱਚੇ ਉਸ ਦਿਨ ਆਪਣੇ ਸਕੂਲ ਦੇ ਰੋਜ਼ਾਨਾ ਦੇ ਕਾਰਜਕ੍ਰਮ ਨਾਲ ਜੁੜਿਆ ਕੋਈ ਕੰਮ ਕਰਨਗੇ। ਅਸੀਂ ਨਿਸ਼ਕ੍ਰਿਅ ਸਹਿਮਤੀ ਪ੍ਰਕਿਰਿਆ ਦੀ ਵਰਤੋਂ ਕਰਦੇ ਹਾਂ ਜਿਸ ਵਿੱਚ ਮਾਤਾ-ਪਿਤਾ ਆਪਣੇ ਬੱਚੇ ਨੂੰ ਭਾਗੀਦਾਰੀ ਤੋਂ ਬਾਹਰ ਰੱਖਣ ਦੀ ਚੋਣ ਕਰ ਸਕਦੇ ਹਨ ਕਿਉਂਕਿ** YDI ਇੱਕ ਘੱਟ ਜੋਖਮ ਵਾਲਾ ਸਰਵੇਖਣ ਹੈ ਅਤੇ ਇਸ ਦੇ ਰਾਹੀਂ ਸਾਨੂੰ ਕਿਸ਼ੋਰਾਂ ਦੀ ਸੁਖਸਾਂਦ ਨੂੰ ਬਿਹਤਰ ਬਣਾਉਣ ਵਿੱਚ ਸਕੂਲਾਂ ਅਤੇ ਭਾਈਚਾਰਿਆਂ ਦੀ ਮਦਦ ਕਰਨ ਲਈ ਬਹੁਮੁੱਲਾ ਡੈਟਾ ਮਿਲਦਾ ਹੈ।

## ਮੇਰੇ ਬੱਚੇ ਦੀ ਨਿੱਜਤਾ ਦੀ ਸੁਰੱਖਿਆ ਕਿਵੇਂ ਹੋਵੇਗੀ?

ਸਰਵੇਖਣ ਦੇ ਸਵਾਲਾਂ ਲਈ ਤੁਹਾਡੇ ਬੱਚੇ ਦੇ ਜਵਾਬ **ਨਿੱਜੀ ਅਤੇ ਗੁਪਤ** ਹਨ ਅਤੇ ਉਹਨਾਂ ਨੂੰ ਤੁਹਾਡੇ ਨਾਲ ਜਾਂ ਸਕੂਲ ਜਾਂ ਸਕੂਲ ਡਿਸਟ੍ਰਿਕਟ ਦੇ ਕਿਸੇ ਸਟਾਫ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ। ਕੋਈ ਵੀ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਰਿਕਾਰਡ ਵਿੱਚ ਨਹੀਂ ਜੋੜੀ ਜਾਏਗੀ। ਜੇ YDI ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਖੋਜ ਪ੍ਰਕਾਸ਼ਨਾਂ ਜਾਂ ਜਨਤਕ ਦਸਤਾਵੇਜ਼ਾਂ ਵਿੱਚ ਕੀਤੀ ਜਾਂਦੀ ਹੈ ਤਾਂ ਤੁਹਾਡੇ ਬੱਚੇ ਦੀ ਜਾਂ ਤੁਹਾਡੇ ਬੱਚੇ ਦੇ ਸਕੂਲ ਦੀ ਪਛਾਣ ਨਹੀਂ ਕੀਤੀ ਜਾਵੇਗੀ।

## SFU ਅਤੇ HELP (UBC) ਨਾਲ ਕਿਹੜੀ ਜਾਣਕਾਰੀ ਸਾਂਝੀ ਕੀਤੀ ਜਾਏਗੀ?

**YDI ਦੇ ਵਿੱਚ ਹਿੱਸਾ ਲੈਣ ਦੇ ਲਈ, ਤੁਹਾਡਾ ਸਕੂਲ ਡਿਸਟ੍ਰਿਕਟ SFU ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ, ਜਿਸ ਵਿੱਚ ਤੁਹਾਡੇ**

**ਬੱਚੇ ਦਾ ਨਾਂ, ਨਿੱਜੀ ਸਿੱਖਿਆ ਨੰਬਰ** (PEN), **ਜਨਮ ਦੀ ਮਿਤੀ, ਲਿੰਗ, ਡਾਕ ਕੋਡ ਅਤੇ ਉਹ ਫਸਟ ਨੇਸ਼ਨਜ਼, ਮੇਟਿਸ ਜਾਂ ਇਨੁਇਟ ਹੈ ਜਾਂ ਨਹੀਂ, ਸ਼ਾਮਲ ਹੁੰਦੇ ਹਨ। ਵਾਧੂ ਜਾਣਕਾਰੀ, ਜਿਸ ਵਿੱਚ ਇਹ ਸ਼ਾਮਲ ਹੈ ਕਿ ਉਹ ਅਸਮਰਥਤਾ ਪੀੜਤ ਜਾਂ ਵੱਖਰੀ ਯੋਗਤਾ ਵਾਲਾ ਬੱਚਾ ਹੈ ਜਾਂ ਨਹੀਂ, ਜਾਂ ਉਹ ਅੰਗਰੇਜ਼ੀ ਭਾਸ਼ਾ ਸਿੱਖਿਆਰਥੀ ਹੈ ਜਾਂ ਨਹੀਂ ਜਾਂ ਉਹ ਫ੍ਰੈਂਚ ਇਮਰਸ਼ਨ ਪ੍ਰੋਗਰਾਮ ਵਿੱਚ ਹੈ ਜਾਂ ਨਹੀਂ, ਨੂੰ ਸਿਰਫ ਖੋਜ ਅਤੇ ਰਿਪੋਰਟਿੰਗ ਦੇ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ। ਇਸ ਜਾਣਕਾਰੀ ਨੂੰ** YDI ਡੈਟਾਬੇਸ ("YDI ਰਜਿਸਟ੍ਰੀ") ਵਿੱਚ ਰੱਖਿਆ ਜਾਂਦਾ ਹੈ ਜਿਸਨੂੰ ਦੂਜੇ ਸਿਹਤ ਅਤੇ ਵਿੱਦਿਅਕ ਡੇਟਾ ਸੈੱਟਾਂ ਨਾਲ ਜੋੜਿਆ ਜਾ ਸਕਦਾ ਹੈ ਜਿਨ੍ਹਾਂ ਵਿੱਚ, ਜੇ ਤੁਹਾਡਾ ਬੱਚਾ ਇਹਨਾਂ ਵਿੱਚ ਭਾਗੀਦਾਰ ਸੀ, Early Development Instrument (EDI) ਅਤੇ Middle Years Development Instrument (MDI) ਵੀ ਸ਼ਾਮਲ ਹਨ। ਇਸ ਤਰ੍ਹਾਂ ਅਸੀਂ ਇਹ ਸਮਝ ਸਕਦੇ ਹਾਂ ਕਿ ਪੂਰੇ ਜੀਵਨ ਲਈ ਇਸ ਕਿਸ਼ੋਰ ਦੀ ਸਿਹਤ ਅਤੇ ਤੰਦਰੁਸਤੀ ਲਈ ਸਹਾਇਤਾ ਕਿਵੇਂ ਕੀਤੀ ਜਾਵੇ।

## YDI ਡੈਟਾ ਨੂੰ ਕਿਵੇਂ ਵਰਤਿਆ ਅਤੇ ਸਟੋਰ ਕੀਤਾ ਜਾਵੇਗਾ?

YDI ਪ੍ਰੋਜੈਕਟ ਦੇ ਸਾਰੇ ਡੈਟਾ ਨੂੰ ਸੁਰੱਖਿਅਤ ਰੱਖਣ ਲਈ ਪ੍ਰਮੁੱਖ ਪੜਤਾਲ ਕਰਤਾ ਜ਼ਿੰਮੇਵਾਰ ਹੈ। ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਦੀ ਵਰਤੋਂ ਸਿਰਫ਼ **ਫੈਡਰਲ, ਪ੍ਰਾਂਤ/ਸੂਬਾਈ ਨਿੱਜਤਾ ਕਾਨੂੰਨਾਂ ਦੇ ਅੰਤਰਗਤ** ਮਨਜ਼ੂਰਸ਼ੁਦਾ ਲਿੰਕੇਜਾਂ ਅਤੇ ਖੋਜ ਅਧਿਐਨਾਂ ਲਈ ਕੀਤੀ ਜਾਂਦੀ ਹੈ। ਖੋਜਕਰਤਾ ਖੋਜ ਜਾਂ ਅੰਕੜਿਆਂ ਸਬੰਧੀ ਉਦੇਸ਼ਾਂ ਲਈ YDI ਡੈਟਾ ਦੀ ਵਰਤੋਂ ਲਈ ਇਜਾਜ਼ਤ ਮੰਗ ਸਕਦੇ ਹਨ। ਖੋਜ ਦੇ ਲਈ ਮਨਜ਼ੂਰਸ਼ੁਦਾ ਖੋਜਕਰਤਾ ਨੂੰ ਅਜਿਹਾ ਡੈਟਾ ਮੁਹੱਈਆ ਕੀਤਾ ਜਾਵੇਗਾ ਜਿਸਨੂੰ ਕਿਸੇ ਇੱਕ ਖਾਸ ਵਿਦਿਆਰਥੀ ਨਾਲ ਨਹੀਂ ਜੋੜਿਆ ਜਾ ਸਕਦਾ।

ਬੱਚਿਆਂ ਦੀ ਖੈਰੀਅਤ, ਸਿਹਤ ਅਤੇ ਸਕੂਲ ਵਿੱਚ ਕਾਮਯਾਬੀ ਦੇ ਉੱਪਰ ਅਸਰ ਪਾਉਣ ਵਾਲੇ ਕਾਰਕਾਂ ਦਾ ਪਤਾ ਲਗਾਉਣ ਦੇ ਲਈ ਵਿਅਕਤੀਗਤ ਪੱਧਰ 'ਤੇ ਤੁਹਾਡੇ ਬੱਚੇ ਦੇ ਡੈਟਾ ਨੂੰ ਦੂਜੇ ਡੈਟਾ ਨਾਲ ਜੋੜਿਆ ਜਾ ਸਕਦਾ ਹੈ। ਦੂਜੇ ਡੈਟਾ ਵਿੱਚ ਸਿੱਖਿਆ ਅਤੇ ਸਿਹਤ ਸਬੰਧੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਲਿੰਕ ਹੋਣ ਦੇ ਬਾਅਦ ਡੈਟਾ "ਪਛਾਣ-ਰਹਿਤ" ਬਣ ਜਾਂਦਾ ਹੈ; ਯਾਨੀ, ਪਛਾਣ ਕਰਨ ਵਾਲੀ ਜਾਣਕਾਰੀ, ਜਿਵੇਂ ਨਾਂ ਅਤੇ ਜਨਮ ਮਿਤੀਆਂ, ਹਟਾ ਦਿੱਤੀ ਜਾਂਦੀ ਹੈ। ਲਿੰਕ ਕੀਤੇ ਹੋਏ ਡੈਟਾ ਦੀ **ਵਰਤੋਂ *ਸਿਰਫ਼* ਮਨਜ਼ੂਰਸ਼ੁਦਾ ਖੋਜਕਰਤਾਵਾਂ ਦੁਆਰਾ, ਕਿਸੇ ਮਨਜ਼ੂਰਸ਼ੁਦਾ ਖੋਜ ਇਕਰਾਰਨਾਮੇ ਦੇ ਅੰਤਰਗਤ, ਸਿਰਫ਼ ਖੋਜ ਅਤੇ ਅੰਕੜਿਆਂ ਸਬੰਧੀ ਉਦੇਸ਼ਾਂ ਲਈ, ਜਾਂ ਪ੍ਰੋਗਰਾਮਾਂ ਦੀ ਯੋਜਨਾਬੰਦੀ, ਮੁਲਾਂਕਣ ਜਾਂ ਖੋਜ ਦੇ ਉਦੇਸ਼ਾਂ ਲਈ *ਜਾਣਕਾਰੀ ਸਾਂਝੀ ਕਰਨ ਸਬੰਧੀ ਸਮਝੌਤੇ* ਦੇ ਅੰਤਰਗਤ ਕੀਤੀ ਜਾ ਸਕਦੀ ਹੈ।**

## ਪ੍ਰੋਜੈਕਟ ਦੇ ਨਤੀਜੇ

ਸਕੂਲ ਅਤੇ ਡਿਸਟ੍ਰਿਕਟ ਪੱਧਰ ਦੀਆਂ ਰਿਪੋਰਟਾਂ ਨੂੰ ਸਕੂਲਾਂ ਅਤੇ ਸਕੂਲ ਡਿਸਟ੍ਰਿਕਟਾਂ ਨਾਲ ਸਾਂਝਾ ਕੀਤਾ ਜਾਂਦਾ ਹੈ। ਵਿਅਕਤੀਗਤ ਸਕੂਲ ਰਿਪੋਰਟਾਂ ਨੂੰ ਜਨਤਕ ਤੌਰ 'ਤੇ ਸਾਂਝਾ ਨਹੀਂ ਕੀਤਾ ਜਾਂਦਾ। ਡਿਸਟ੍ਰਿਕਟ ਅਤੇ ਸੂਬਾਈ ਰਿਪੋਰਟਾਂ ਜਨਤਕ ਤੌਰ 'ਤੇ ਉਪਲਬਧ ਹਨ ਪਰ ਉਹਨਾਂ ਵਿੱਚੋਂ ਪਛਾਣ ਕਰਨ ਵਾਲੀ ਜਾਣਕਾਰੀ, ਜਿਵੇਂ ਹਿੱਸਾ ਲੈਣ ਵਾਲੇ ਸਕੂਲਾਂ ਅਤੇ ਵਿਦਿਆਰਥੀਆਂ ਦੇ ਨਾਂ, ਹਟਾ ਦਿੱਤੀ ਜਾਂਦੀ ਹੈ। YDI ਦੇ ਨਤੀਜਿਆਂ ਦੀ ਵਰਤੋਂ ਸਕੂਲਾਂ, ਵਿਦਿਆਰਥੀਆਂ ਜਾਂ ਕਲਾਸਾਂ ਦੀ ਕਿਸੇ ਵੀ ਤਰ੍ਹਾਂ ਦੀ ਦਰਜਾਬੰਦੀ ਲਈ ਨਹੀਂ ਕੀਤੀ ਜਾਏਗੀ। ਪਛਾਣ-ਰਹਿਤ YDI ਡੈਟਾ ਸਮੇਤ, ਨਤੀਜਿਆਂ ਨੂੰ ਪ੍ਰਕਾਸ਼ਨਾਂ ਅਤੇ ਪ੍ਰਸਤੁਤੀਆਂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

## ਮੂਲ ਵਾਸੀਆਂ ਸਬੰਧੀ ਡੈਟਾ ਅਤੇ ਰਿਪੋਰਟਾਂ

YDI ਦੀ ਖੋਜ ਟੀਮ ਇਸ ਗੱਲ ਨੂੰ ਮੰਨਦੀ ਹੈ ਅਤੇ ਇਸਦਾ ਸਤਿਕਾਰ ਕਰਦੀ ਹੈ ਕਿ ਫ਼ਸਟ ਨੇਸ਼ਨਜ਼, ਮੇਟਿਸ ਅਤੇ ਇਨੁਇਟ ਪਰਿਵਾਰਾਂ, ਭਾਈਚਾਰਿਆਂ ਅਤੇ ਸਰਕਾਰਾਂ ਨੂੰ ਉਹਨਾਂ ਦੇ ਬੱਚਿਆਂ ਕੋਲੋਂ ਇਕੱਠੇ ਕੀਤੇ ਗਏ ਕਿਸੇ ਵੀ ਅਤੇ ਸਾਰੇ ਡੈਟਾ ਤੱਕ ਪਹੁੰਚਣ ਦਾ ਹੱਕ ਹੈ। Aboriginal Steering Committee ਦੇ HELP ਦੇ ਮਾਰਗਦਰਸ਼ਨ ਹੇਠ YDI ਪ੍ਰੋਜੈਕਟ ਨੇ ਫ਼ਸਟ ਨੇਸ਼ਨਜ਼, ਮੇਟਿਸ ਅਤੇ ਇਨੁਇਟ ਸਰਕਾਰਾਂ ਅਤੇ ਮੂਲਵਾਸੀ ਅਗਵਾਈ ਵਾਲੀਆਂ ਸੰਸਥਾਵਾਂ ਦੀ ਡੈਟਾ ਅਤੇ ਰਿਪੋਰਟਾਂ ਰਾਹੀਂ ਮਦਦ ਕਰਨ ਦੇ ਲਈ ਇੱਕ ਪ੍ਰੋਟੋਕੋਲ ਤਿਆਰ ਕੀਤਾ ਹੈ। ਇਹ ਪ੍ਰੋਟੋਕੋਲ ਯਕੀਨੀ ਬਣਾਉਂਦਾ ਹੈ ਕਿ ਡੈਟਾ ਦੀ ਵਰਤੋਂ ਸਿਰਫ਼ ਮੂਲਵਾਸੀ ਬੱਚਿਆਂ ਦੇ ਬਿਹਤਰ ਵਿਕਾਸ ਦੇ ਉਦੇਸ਼ ਨਾਲ ਮੂਲਵਾਸੀ ਸਵੈ-ਨਿਰਧਾਰਨ ਵਿੱਚ ਸਹਾਇਤਾ ਕਰਨ ਲਈ ਕੀਤੀ ਜਾਏ। YDI ਕਦੇ ਵੀ ਜਨਤਕ ਤੌਰ 'ਤੇ ਮੂਲਵਾਸੀ ਬੱਚਿਆਂ ਸਬੰਧੀ ਡੈਟਾ ਨੂੰ ਰਿਪੋਰਟ ਨਹੀਂ ਕਰੇਗਾ ਅਤੇ ਨਾ ਹੀ ਇਸ ਦੀ ਵਰਤੋਂ, ਮੂਲਵਾਸੀ ਭਾਈਵਾਲਾਂ ਦੀ ਸ਼ਮੂਲੀਅਤ/ਸਹਿਮਤੀ ਦੇ ਬਿਨਾਂ, ਕਿਸੇ ਤਰ੍ਹਾਂ ਦੀ ਤੁਲਨਾ ਲਈ ਕਰੇਗਾ।

## ਤੁਹਾਡੇ ਸਕੂਲ ਜਾਂ ਭਾਈਚਾਰੇ ਨੂੰ ਇਸਦਾ ਕੀ ਫਾਇਦਾ ਹੋਵੇਗਾ?

ਹਾਲ ਵਿੱਚ ਹੀ ਕੀਤੇ ਗਏ ਅਧਿਐਨ ਵਿਖਾਉਂਦੇ ਹਨ ਕਿ ਬੱਚਿਆਂ ਦੀ ਸੁਖ-ਸਾਂਦ ਦਾ ਉਹਨਾਂ ਦੀ ਸਕੂਲ ਅਤੇ ਜੀਵਨ ਵਿੱਚ ਕਾਮਯਾਬੀ ਅਤੇ ਭਵਿੱਖ ਵਿੱਚ ਖੈਰੀਅਤ ਉੱਪਰ ਅਸਰ ਪਾਉਂਦੀ ਹੈ। ਸਰਵੇਖਣ ਪੂਰਾ ਕਰਨ ਨਾਲ ਵਿਦਿਆਰਥੀਆਂ ਨੂੰ ਆਪਣੇ ਤਜਰਬਿਆਂ ਅਤੇ ਭਾਵਨਾਵਾਂ ਨੂੰ ਸਾਂਝਾ ਕਰਨ ਦਾ ਮੌਕਾ ਮਿਲੇਗਾ ਜਿਸ ਨਾਲ ਉਹਨਾਂ ਦੇ ਖੈਰੀਅਤ ਦੇ ਅਹਿਸਾਸ ਵਿੱਚ ਵਾਧਾ ਹੋਵੇਗਾ। YDI ਦੇ ਜ਼ਰੀਏ ਬੱਚਿਆਂ ਦੀ ਆਵਾਜ਼ ਸਿੱਧਾ ਦਰਜ ਕਰਕੇ, YDI ਦੀਆਂ

[INSERT SCHOOL LETTERHEAD]

ਰਿਪੋਰਟਾਂ ਸਿੱਖਿਅਕਾਂ, ਪ੍ਰੋਗਰਾਮਾਂ ਦੀ ਯੋਜਨਾਬੰਦੀ ਕਰਨ ਵਾਲੇ ਲੋਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਬੱਚਿਆਂ ਦੇ ਜੀਵਨ ਬਾਰੇ ਜਾਣਕਾਰੀ ਪ੍ਰਦਾਨ ਕਰਨਗੀਆਂ। ਨਤੀਜਿਆਂ ਦੀ ਵਰਤੋਂ ਕਰਕੇ ਤੁਹਾਡਾ ਸਕੂਲ ਅਤੇ ਭਾਈਚਾਰਾ ਵਿਦਿਆਰਥੀਆਂ ਦੀ ਸਹਾਇਤਾ ਕਰ ਸਕਦੇ ਹਨ ਅਤੇ ਉਹਨਾਂ ਦੀ ਖੈਰੀਅਤ ਵਿੱਚ ਵਾਧਾ ਕਰ ਸਕਦੇ ਹਨ।

## ਪ੍ਰੋਜੈਕਟ ਦੇ ਬਾਰੇ ਤੁਹਾਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਪ੍ਰੋਜੈਕਟ ਦੀ ਪ੍ਰਮੁੱਖ ਖੋਜਕਰਤਾ Dr. Hasina Samji ਨਾਲ ਜਾਂ YDI ਟੀਮ ਨਾਲ ydi@sfu.ca. 'ਤੇ ਸੰਪਰਕ ਕਰੋ। **ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ ਸਰਵੇਖਣ ਨੂੰ ਪੂਰਾ ਕਰੇ ਤਾਂ ਆਪਣੇ ਬੱਚੇ ਨੂੰ ਬਾਹਰ ਰੱਖਣ ਲਈ ਕਿਰਪਾ ਕਰਕੇ ਇਸ ਚਿੱਠੀ ਨਾਲ ਨੱਥੀ ਫਾਰਮ ਭਰੋ ਅਤੇ ਬੱਚੇ ਦੇ ਟੀਚਰ ਜਾਂ ਪ੍ਰਿੰਸੀਪਲ ਕੋਲ ਵਾਪਸ ਭੇਜ ਦਿਓ ਜਾਂ ਇਸ ਪਤੇ 'ਤੇ ਸਾਨੂੰ ਈਮੇਲ ਭੇਜ ਦਿਓ: ydi@sfu.ca . ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਹਿੱਸਾ ਲਵੇ ਤਾਂ ਤੁਹਾਨੂੰ ਇਹ ਫਾਰਮ ਭਰਕੇ ਵਾਪਸ ਭੇਜਣ ਦੀ ਲੋੜ ਨਹੀਂ ਹੈ।**

## ਖੋਜ ਭਾਗੀਦਾਰਾਂ ਵਜੋਂ ਸ਼ਿਕਾਇਤਾਂ ਜਾਂ ਚਿੰਤਾਵਾਂ

ਜੇ ਤੁਹਾਨੂੰ ਇਸ ਖੋਜ ਵਿੱਚ ਭਾਗੀਦਾਰ ਵਜੋਂ ਆਪਣੇ ਹੱਕਾਂ ਬਾਰੇ ਅਤੇ/ਜਾਂ ਇਸ ਅਧਿਐਨ ਵਿੱਚ ਹਿੱਸਾ ਲੈਣ ਦੌਰਾਨ ਹੋਏ ਕਿਸੇ ਤਜਰਬੇ ਬਾਰੇ ਕੋਈ ਸ਼ੰਕਾਵਾਂ ਜਾਂ ਸ਼ਿਕਾਇਤਾਂ ਹਨ ਤਾਂ ਕਿਰਪਾ ਕਰਕੇ UBC ਦੇ *ਖੋਜ ਨੈਤਿਕਤਾ ਦਫਤਰ* (Office of Research Ethics) ਦੀ *ਖੋਜ ਭਾਗੀਦਾਰ ਸ਼ਿਕਾਇਤ ਲਾਈਨ* ਨਾਲ 604-822-8598 'ਤੇ ਸੰਪਰਕ ਕਰੋ, ਜਾਂ ਜੇ ਦੂਰੀ ਜ਼ਿਆਦਾ ਹੈ ਤਾਂ RSIL@ors.ubc.ca ਵਿਖੇ ਈਮੇਲ ਕਰੋ ਜਾਂ ਟੋਲ-ਫ੍ਰੀ ਨੰਬਰ 1-877-822-8598 'ਤੇ ਕਾਲ ਕਰੋ।

ਸ਼ੁਭ ਚਿੰਤਕ,

Name, School YDI Contact
Title within School
Telephone: #
E-mail:--------------------

H Samji
Dr. Hasina Samji, PhD
Assistant Professor, Faculty of Health Sciences
Simon Fraser University
E-mail: hsamji@sfu.ca

✂-------------------------------------------------✂-------------------------------------------------✂

**ਜੇ ਤੁਸੀਂ ਆਪਣੇ ਬੱਚੇ ਨੂੰ ਸਰਵੇਖਣ ਤੋਂ ਬਾਹਰ ਰੱਖਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਸ ਭਾਗ 'ਤੇ ਦਸਤਖਤ ਕਰ ਕੇ ਆਪਣੇ ਬੱਚੇ ਦੇ ਟੀਚਰ ਕੋਲ ਪਹੁੰਚਾ ਦਿਓ।**

ਕਿਰਪਾ ਕਰਕੇ ਇਸ ਫਾਰਮ ਨੂੰ ਕਲਾਸਰੂਮ ਟੀਚਰ ਕੋਲ [ DATE ] ਤੱਕ ਪਹੁੰਚਾ ਦਿਓ ਜੇ ਤੁਸੀਂ **ਨਹੀਂ** ਚਾਹੁੰਦੇ ਕਿ ਤੁਹਾਡਾ ਬੱਚਾ ਹਿੱਸਾ ਲਵੇ।

[INSERT SCHOOL LETTERHEAD]

□ ਮੈਂ ਆਪਣੇ ਬੱਚੇ [ਨਾਂ] ______________________________ ਦੁਆਰਾ [ਸਰਵੇਖਣ ਦੀਆਂ ਮਿਤੀਆਂ] ਵਿੱਚ ਹੋਣ ਵਾਲੇ Youth Development Instrument (YDI) ਸਰਵੇਖਣ ਵਿੱਚ ਹਿੱਸਾ ਲੈਣ ਲਈ ਸਹਿਮਤ **ਨਹੀਂ** ਹਾਂ।

ਮਾਤਾ/ਪਿਤਾ/ਨਿਗਰਾਨ ਦਾ ਨਾਂ:_______________________ ਮਿਤੀ:______________________

ਸਕੂਲ: ______________________________________ ਟੀਚਰ: ______________________

✂------------------------------------------------✂------------------------------------------------✂